a2zpapers.com

**Exam. Code : 108503**
**Subject Code : 2748**

## B.Com. Semester—III

## BCG–302(ii) : BASIC PUNJABI

Time Allowed—3 Hours] [Maximum Marks—50

**ਨੋਟ :-** ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। ਪ੍ਰਸ਼ਨਾਂ ਦੇ ਉੱਤਰ ਤਰਤੀਬ ਅਨੁਸਾਰ ਇਕੋ ਸਥਾਨ 'ਤੇ ਲਿਖੋ।

### ਭਾਗ—ਪਹਿਲਾ

1. ਵਿਆਕਰਣਕ ਇਕਾਈਆਂ ਕਿਹੜੀਆਂ-ਕਿਹੜੀਆਂ ਹਨ ? ਕਿਸੇ ਇਕ ਇਕਾਈ ਨੂੰ ਪਰਿਭਾਸ਼ਤ ਕਰੋ।

**ਜਾਂ**

ਵਾਕ ਦੀ ਪਰਿਭਾਸ਼ਾ ਕਰੋ ਅਤੇ ਇਕ ਸਧਾਰਨ, ਇੱਕ ਸੰਯੁਕਤ, ਇਕ ਮਿਸ਼ਰਤ ਵਾਕ ਬਣਾਓ। 5

2. ਹੇਠ ਲਿਖੇ ਵਾਕਾਂ ਵਿਚੋਂ ਸਧਾਰਨ, ਸੰਯੁਕਤ ਅਤੇ ਮਿਸ਼ਰਤ ਵਾਕਾਂ ਦੀ ਪਛਾਣ ਕਰੋ :

(ੳ) ਹਰੀਸ਼ ਪੜ੍ਹਦਾ ਹੈ।

(ਅ) ਮਨੋਹਰ ਨੇ ਕਵਿਤਾ ਪੜ੍ਹੀ ਅਤੇ ਸੁਨੀਤਾ ਨੇ ਗਾਣਾ ਗਾਇਆ।

(ੲ) ਮੁੰਡੇ ਖੁਸ਼ ਹਨ, ਕਿਉਂਕਿ ਉਹ ਮੈਚ ਜਿੱਤ ਗਏ ਹਨ।

(ਸ) ਪੁਲਿਸ ਨੇ ਨਾਮੀ ਚੋਰ ਨੂੰ ਬਹੁਤ ਕੁੱਟਿਆ।

(ਹ) ਮੋਹਨ ਸਟੇਸ਼ਨ 'ਤੇ ਪੁਜਿਆ ਅਤੇ ਉਸਨੇ ਗੱਡੀ ਫੜੀ।

5



a2zpapers.com

a2zpapers.com

3. ਹੇਠ ਲਿਖੇ ਵਾਕਾਂ ਨੂੰ ਨਿਰਦੇਸ਼ ਅਨੁਸਾਰ ਬਦਲੋ :

(ੳ) ਉਸ ਨੇ ਮੇਰੇ ਪੈਨ ਨਾਲ ਪਰਚਾ ਦਿੱਤਾ।

(ਮਿਸ਼ਰਤ ਵਾਕ ਬਣਾਓ)

(ਅ) ਸੋਹਨ ਸ਼ਾਮ ਦੀ ਚਾਹ ਪੀ ਕੇ ਸੈਰ ਲਈ ਚਲਾ ਗਿਆ।

(ਸੰਯੁਕਤ ਵਾਕ ਬਣਾਓ)

(ੲ) ਅਸੀਂ ਚਾਹੁੰਦੇ ਹਾਂ ਕਿ ਅੱਜ ਸ਼ਾਮ ਨੂੰ ਇਕ ਮੈਚ ਖੇਡੀਏ।

(ਸਧਾਰਨ ਵਾਕ ਬਣਾਓ)

(ਸ) ਜੇ ਸਕੂਲ ਜਾਓਗੇ ਤਾਂ ਹੀ ਪੜ੍ਹੋਗੇ।

(ਨਾਂਹਵਾਚੀ ਵਾਕ ਬਣਾਓ)

(ਹ) ਮੇਰੀ ਇੱਛਾ ਹੈ ਕਿ ਮੈਂ ਵੀ ਲੱਖਪਤੀ ਹੁੰਦਾ।

(ਵਿਸਮਿਕ ਵਾਕ ਬਣਾਓ)

5

4. ਹੇਠ ਲਿਖਿਆਂ ਨੂੰ ਪੰਜਾਬੀ ਵਾਕ-ਤਰਤੀਬ ਅਨੁਸਾਰ ਸੋਧ ਕੇ ਲਿਖੋ :

(ੳ) ਜਾ ਰਹੀ ਹੈ ਘਰ ਛੱਡ ਕੇ ਸੰਗੀਤਾ।

(ਅ) ਗਾਇਆ ਮੋਹਨ ਨੇ ਗਾਣਾ ਬੜਾ ਸੁਰੀਲਾ।

(ੲ) ਸਾਰੇ ਮੁੰਡੇ ਖੇਡ ਰਹੇ ਹਨ ਕ੍ਰਿਕਟ ਮੈਦਾਨ ਵਿਚ।

(ਸ) ਪਾਟ ਗਈਆਂ ਹਨ ਕਿਤਾਬਾਂ ਗੀਤਾ ਦੀਆਂ ਸਾਰੀਆਂ।

(ਹ) ਘਾਹ ਚਰਕੇ ਮੱਝਾਂ ਆ ਗਈਆਂ ਵਾਪਸ ਹਨ। 5

## ਭਾਗ—ਦੂਜਾ

5. ਹੇਠ ਲਿਖਿਆਂ ਵਿਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰਾ ਰਚਨਾ ਲਿਖੋ : ਅਨੁਸ਼ਾਸਨ ਦਾ ਮਹੱਤਵ, ਮਹਿੰਗਾਈ, ਸੰਚਾਰ ਸਾਧਨਾਂ ਦੀ ਵਰਤੋਂ, ਪ੍ਰਦੂਸ਼ਣ। 5



a2zpapers.com

a2zpapers.com

6. ਆਪਣੇ ਪਿਤਾ ਜੀ ਨੂੰ ਇਕ ਚਿੱਠੀ ਰਾਹੀਂ ਲਿਖੋ ਕਿ ਮਹਿੰਗਾਈ ਕਰਕੇ ਤੁਹਾਡਾ ਗੁਜ਼ਾਰਾ ਨਹੀਂ ਹੁੰਦਾ, ਇਸ ਕਰਕੇ ਉਹ ਤੁਹਾਡਾ ਮਾਸਿਕ ਖ਼ਰਚ ਵਧਾ ਦੇਣ।

**ਜਾਂ**

ਕਿਸੇ ਸੰਸਥਾ ਵਿਚ ਕੋਈ ਅਸਾਮੀ ਖ਼ਾਲੀ ਹੈ ਜਿਸ ਲਈ ਤੁਸੀਂ ਯੋਗਤਾ ਰੱਖਦੇ ਹੋ। ਉਥੇ ਨੌਕਰੀ ਪ੍ਰਾਪਤ ਕਰਨ ਲਈ ਬਿਨੈ-ਪੱਤਰ ਲਿਖੋ। 5

7. ਹੇਠ ਦਿੱਤੇ ਮੁਹਾਵਰਿਆਂ ਵਿਚੋਂ ਕਿਸੇ **ਪੰਜ** ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਉਨ੍ਹਾਂ ਦੇ ਅਰਥ ਸਪੱਸ਼ਟ ਹੋ ਜਾਣ :
ਗਰਮ ਹੋਣਾ, ਹੱਥ ਤੰਗ ਹੋਣਾ, ਈਨ ਮੰਨਣਾ, ਉਸਤਾਦੀ ਕਰਨੀ, ਸਬਰ ਦਾ ਘੁੱਟ ਭਰਨਾ, ਘੋੜੇ ਵੇਚ ਕੇ ਸੌਣਾ, ਇਕ ਚੁੱਪ ਸੌ ਸੁੱਖ, ਉੱਚੀ ਦੁਕਾਨ ਫਿੱਕਾ ਪਕਵਾਨ। 5

## ਭਾਗ—ਤੀਜਾ

8. ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :
ਮਾਨਸਿਕ ਬੀਮਾਰੀਆਂ ਦੇ ਨਾਲ-ਨਾਲ ਸ਼ੋਰ ਮਨੁੱਖੀ ਸਰੀਰ ਉੱਤੇ ਵੀ ਬਹੁਤ ਬੁਰਾ ਪ੍ਰਭਾਵ ਪਾਉਂਦਾ ਹੈ। ਵਧੇਰੇ ਸ਼ੋਰ ਕਾਰਨ ਖ਼ੂਨ ਦਾ ਦਬਾ (Blood Pressure) ਵਧਦਾ ਹੈ, ਕੰਮ ਕਰਨ ਦੀ ਸਮਰੱਥਾ (efficiency) ਘਟਦੀ ਹੈ, ਦਿਲ ਦੀ ਧੜਕਨ ਵਧਦੀ ਹੈ ਅਤੇ ਕਿਸੇ ਕੰਮ ਉੱਤੇ ਧਿਆਨ ਕੇਂਦਰਿਤ ਕਰਨਾ ਔਖਾ ਹੋ ਜਾਂਦਾ ਹੈ। ਤਜ਼ਰਬਿਆਂ ਤੋਂ ਪਤਾ ਲਗਿਆ ਹੈ ਕਿ ਪੇਟ ਵਿੱਚ ਗੈਸ, ਦਮਾ ਤੇ ਚਮੜੀ ਦੇ ਕਈ ਰੋਗਾਂ ਵਿੱਚ ਸ਼ੋਰ ਦਾ ਵਾਤਾਵਰਣ ਬਹੁਤ ਵਾਧਾ ਕਰਦਾ ਹੈ। ਬਹੁਤ ਸ਼ੋਰ ਦੇ ਚੌਗਿਰਦੇ ਵਿੱਚ ਲੰਬੇ ਅਰਸੇ ਤੱਕ ਰਹਿਣ ਨਾਲ ਨੀਂਦ ਘੱਟ ਹੋ ਜਾਂਦੀ ਹੈ ਜਿਸ ਨਾਲ ਕਈ ਬੀਮਾਰੀਆਂ ਦੀ ਨੀਂਹ ਬੱਝਦੀ ਹੈ।

**ਪ੍ਰਸ਼ਨ :**

(ੳ) ਪੈਰ੍ਹੇ ਦਾ ਸਿਰਲੇਖ ਦਿਉ।

(ਅ) ਸ਼ੋਰ ਦਾ ਮਨੁੱਖੀ ਸ਼ਰੀਰ ’ਤੇ ਕੀ ਪ੍ਰਭਾਵ ਪੈਂਦਾ ਹੈ ?



a2zpapers.com

a2zpapers.com

(ੲ) ਵਧੇਰੇ ਸ਼ੋਰ ਦੇ ਮੁੱਖ ਨੁਕਸਾਨ ਕਿਹੜੇ ਹਨ ?

(ਸ) ਸ਼ੋਰ ਦੇ ਚੌਗਿਰਦੇ ਵਿੱਚ ਲੰਬੇ ਸਮੇਂ ਤੱਕ ਰਹਿਣ ਨਾਲ ਕੀ ਹੁੰਦਾ ਹੈ ?

(ਹ) ਨੀਂਦ ਨਾ ਆਉਣ ਨਾਲ ਕੀ ਹੁੰਦਾ ਹੈ ? 5

9. ਹੇਠਾਂ ਦਿੱਤੇ ਪੈਰ੍ਹੇ ਦੀ ਇਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰੋ ਅਤੇ ਪੈਰ੍ਹੇ ਦਾ ਸਿਰਲੇਖ ਦਿਉ :

ਲਾਇਬ੍ਰੇਰੀ ਗਿਆਨ ਅਤੇ ਵਿਦਵਤਾ ਦਾ ਸੋਮਾ ਹੁੰਦੀ ਹੈ। ਇਹ ਹਨੇਰੇ ਵਿੱਚ ਮਸ਼ਾਲ ਦਾ ਕੰਮ ਕਰਦੀ ਹੈ। ਪੁਰਾਣੀਆਂ ਲਾਇਬ੍ਰੇਰੀਆਂ ਵਿੱਚ ਸਾਂਭੇ ਰਿਕਾਰਡ ਸਾਡੇ ਸਭਿਆਚਾਰ ਤੇ ਹਰ ਪ੍ਰਕਾਰ ਦੇ ਇਤਿਹਾਸ ਦਾ ਸੋਮਾ ਹਨ। ਇਸ ਵਿਰਸੇ ਨੂੰ ਖੋਜ-ਖੋਜ ਕੇ ਅਸੀਂ ਡਿਗਰੀਆਂ ਪ੍ਰਾਪਤ ਕਰਦੇ, ਕਿਤਾਬਾਂ ਲਿਖਦੇ ਅਤੇ ਆਪਣੇ ਤੇ ਲੋਕਾਂ ਦੇ ਗਿਆਨ ਵਿੱਚ ਵਾਧਾ ਕਰਦੇ ਹਾਂ। ਕਿਸੇ ਦੇਸ਼ ਵਿੱਚ ਲਾਇਬ੍ਰੇਰੀ ਦਾ ਬਹੁਤੀ ਗਿਣਤੀ ਵਿੱਚ ਹੋਣਾ ਉਸ ਦੇਸ਼ ਦੇ ਸਭਿਆਚਾਰਕ ਤੇ ਇਤਿਹਾਸਕ ਵਿਰਸੇ ਦੇ ਅਮੀਰ ਤੇ ਕ੍ਰਿਆਸ਼ੀਲ ਹੋਣ ਦੀ ਗਵਾਹੀ ਹੈ। ਇਹਨਾਂ ਵਿੱਚ ਕਵੀਆਂ, ਫਿਲਾਸਫਰਾਂ, ਬੁਧੀਜੀਵੀਆਂ, ਵਿਗਿਆਨੀਆਂ ਤੇ ਨਾਟਕਕਾਰਾਂ ਦੀਆਂ ਰੂਹਾਂ ਵਸਦੀਆਂ ਤੇ ਹੱਸਦੀਆਂ ਰਹਿੰਦੀਆਂ ਹਨ। ਇਨ੍ਹਾਂ ਰੂਹਾਂ ਨੂੰ ਮਿਲ ਕੇ ਅਸੀਂ ਉਹਨਾਂ ਦੀ ਸਲਾਹ, ਚੇਤਾਵਨੀ, ਸੇਧ, ਉਤਸ਼ਾਹ ਤੇ ਸਿੱਖਿਆ ਪ੍ਰਾਪਤ ਕਰ ਸਕਦੇ ਹਾਂ। ਜਿਹੜੇ ਲੋਕ ਇਹਨਾਂ ਦਾ ਲਾਭ ਨਹੀਂ ਉਠਾਉਂਦੇ, ਉਹ ਕਿੰਨੇ ਬਦਕਿਸਮਤ ਹੁੰਦੇ ਹਨ। ਲਾਇਬ੍ਰੇਰੀ ਸਾਡੇ ਮਨੋਰੰਜਨ ਦਾ ਕੰਮ ਵੀ ਕਰਦੀ ਹੈ ਤੇ ਮਾਰਗ-ਦਰਸ਼ਨ ਦਾ ਵੀ। 10



a2zpapers.com